Journal of Advances and Scholarly Researches in Allied Education
Vol. 14, Issue No. 2, January-2018, ISSN 2230-7540

# ਰਵਿੰਦਰ ਰਵੀ ਦੀ ਕਾਵਿ ਕਲਾ

**Jagjeet Kaur[1]* Dr. Kanta[2]**

[1] Research Scholar, OPJS University, Churu, Rajasthan, India

[2] Associate Professor, OPJS University, Churu, Rajasthan, India

***ਸਾਰ*** *– ਰਵਿੰਦਰ ਰਵੀ ਦੀ ਕਵਿਤਾ ਦੀ ਕਾਵਿ ਸੰਵੇਦਨਾ ਕਾਵਿ ਕਲਾ ਦੀ ਦ੍ਰਿਸ਼ਟੀ ਤੋਂ ਵੀ ਮਹੱਤਵਪੂਰਨ ਹੈ। ਉਹ ਆਪਣੀ ਕਵਿਤਾ ਵਿਚ ਅਭਿਵਿਅੰਜਨ ਸ਼ਕਤੀ ਦੀ ਵਰਤੋਂ ਕਰਦਾ ਹੈ। ਇਸ ਦਾ ਪ੍ਰਯੋਗ ਉਹ ਵਿਸ਼ਵ ਪੱਧਰ 'ਤੇ ਮਾਨਵੀ ਰਿਸ਼ਤਿਆਂ ਦੀ ਸਾਂਝ ਨੂੰ ਪਕੇਰਿਆਂ ਕਰਨ ਲਈ ਕਰਦਾ ਹੈ, ਉਹ ਇਨਸਾਨ ਤੋਂ ਇਨਸਾਨ ਤੱਕ ਦੀ ਵੱਧ ਰਹੀ ਵਿੱਥ ਨੂੰ ਮਿਟਾਉਣ ਅਤੇ ਮਨੁੱਖ ਦੇ ਜ਼ਿਹਨ ਵਿਚ ਪੈਦਾ ਹੋਈ ਸੁੰਨ-ਖ਼ਲਾਅ ਦੀ ਅਵਸਥਾ ਤੋਂ ਮੁਕਤ ਹੋਣ ਦਾ ਸੰਦੇਸ਼ਾ ਦੇਂਦਾ ਪ੍ਰਤੀਤ ਹੁੰਦਾ ਹੈ, ਆਪਣੇ ਕਾਵਿ ਵਿਚ ਉਹ ਇਸੇ ਵਿਧੀ ਰਾਹੀਂ ਆਪਣੀ ਗੱਲ ਨੂੰ ਇਉਂ ਕਹਿੰਦਾ ਹੈ :*

*"ਵਾਹ ਦੇ ਇਹ ਤਸਵੀਰ,*

*ਵਾਹ ਦੇ ਕਾਂਟਾ,*

*ਇਹ ਸ਼ਬਦ ਦੀ ਹੇਰਾ ਫੇਰੀ- ਜਿਹੜੇ ਘਰ ਦਾ ਅੰਦਰ ਸੱਖਣਾ, ਕਿੰਜ ਭਰ ਸਕੇ ਉਸ ਦਾ ਬਾਹਰ?"1*

---------------------------------x---------------------------------

ਇਸ ਤਰ੍ਹਾਂ ਰਵਿੰਦਰ ਰਵੀ ਆਪਣੇ ਕਾਵਿ ਵਿਚ ਅਜੋਕੇ ਮਨੁੱਖ ਦੀ ਮਾਨਸਿਕ ਪ੍ਰਕ੍ਰਿਆ ਨੂੰ ਵਿਅਕਤ ਕਰਨ ਲਈ ਅਤੇ ਸਮਝਣ ਲਈ ਇਤਿਹਾਸ ਮਿਥਿਹਾਸ ਵਿਚਲੇ ਪਾਤਰਾਂ ਨੂੰ ਪ੍ਰਤੀਕ ਅਤੇ ਬਿੰਬਾਂ ਦੇ ਰੂਪ ਵਿਚ ਵਰਤਦਾ ਹੈ। ਆਮ ਤੌਰ ਤੇ ਮਿਥਿਹਾਸਿਕ ਪ੍ਰਤੀਕਾਂ, ਬਿੰਬਾਂ ਨੂੰ ';;ਕਪਰਗਜਫ਼; ਢੰਗ ਤੇ ਪ੍ਰਤੀਕਾਤਮਕ-ਵਿਧੀ ਦੀ

ਵਰਤੋਂ ਦੁਆਰਾ ਪ੍ਰਗਟਾਇਆ ਜਾਂਦਾ ਹੈ ਪਰ ਦੋ ਵਿਧੀਆਂ ਵਿਚੋਂ ਪ੍ਰਯੋਗਸ਼ੀਲ ਕਵੀ/ਆਲੋਚਕ ਜ.ਸ.

ਆਹਲੂਵਾਲੀਆ ਪ੍ਰਤੀਕਾਤਮਕ ਵਿਧੀ ਨੂੰ ਕਵਿਤਾ ਵਿਚ ਵਰਤਣ ਦੀ ਸਿਫ਼ਾਰਿਸ਼ ਕਰਦਾ ਹੈ। ਇਸ ਤਰ੍ਹਾਂ

ਪ੍ਰਯੋਗਵਾਦੀਆਂ ਦੁਆਰਾ ਵਰਤੀ ਇਹ ਨਵੀਂ ਬਿੰਬਾਵਲੀ ਸ਼ਹਿਰੀ ਜੀਵਨ ਨਾਲ ਭਾਵੁਕ ਸਾਂਝ ਪੈਦਾ ਕਰਨ ਵਿਚ

ਸਰੋਤੇ ਜਾਂ ਪਾਠਕ ਦੀ ਮਦਦ ਕਰਦੀ ਹੈ। ਇਸੇ ਉਕਤੀ ਬਾਰੇ ਪ੍ਰਯੋਗਵਾਦੀ ਆਲੋਚਕ ਪ੍ਰੀਤਮ ਸਿੰਘ ਲਿਖਦੇ ਹਨ:

"ਨਵਾਂ ਕਵੀ ਮਾਨਸਿਕ ਜੀਵਨ ਨੂੰ ਚਿਤਰਣ ਵੇਲੇ ਮਿਥਿਹਾਸ ਦਾ ਸਹਾਰਾ ਲੈਂਦਾ ਹੈ। ਉਹ ਜਾਣਦਾ ਹੈ ਕਿ ਸਾਮੂਹਿਕ ਅਵਚੇਤਨ, ਵਿਅਕਤੀਗਤ ਮਾਨਸਿਕ ਜੀਵਨ ਵਿਚ ਵਿਚਰਦਾ ਹੈ ਤੇ ਮਿਥਿਹਾਸ ਏਸੇ ਹੀ ਸਾਮੂਹਿਕ ਅਵਚੇਤਨ ਦਾ ਇਕ ਸਾਗਰ ਰੂਪ ਹੈ, ਮਿਥਿਹਾਸ, ਪ੍ਰਤੀਕਾਂ ਤੇ ਬਿੰਬਾਂ ਦਾ ਇਕ ਮਹਾਨ ਕੋਸ਼ ਹੈ ਤੇ ਪ੍ਰਯੋਗਸ਼ੀਲ ਕਵੀ ਇਸ ਨੂੰ ਮਾਨਸਿਕ ਡੂੰਘਾਈਆਂ ਦੀ ਥਾਹ

ਪਾਉਣ ਲਈ ਵਰਤਦੇ ਹਨ। ਮਾਨਸਿਕ ਜੀਵਨ ਤੇ ਸਾਮੂਹਿਕ ਅਵਚੇਤਨ ਦੇ ਆਪਸੀ ਆਂਤ੍ਰਿਕ ਰਿਸ਼ਤੇ ਤੇ ਦੂਜੇ ਬੰਨੇ ਸਾਮੂਹਿਕ ਅਵਚੇਤਨ ਤੇ ਮਿਥਿਹਾਸ ਦੇ ਆਪਸੀ ਰਿਸ਼ਤਿਆਂ ਕਾਰਨ ਮਿਥਿਹਾਸ, ਪ੍ਰਤੀਕ, ਬਿੰਬ ਆਦਿ ਮਾਨਸਿਕ ਪ੍ਰਕ੍ਰਿਆ ਦੇ ਅਭਿਵਿਅੰਜਨ ਲਈ ਢੁੱਕਵੇਂ ਸਾਧਨ ਸਿੱਧ ਹੁੰਦੇ ਹਨ। ਮਿਥਿਹਾਸ ਦੀ ਵਰਤੋਂ ਕਵਿਤਾ ਵਿਚ ਇਕ ਨਵੀਂ ਰੂਹ ਭਰ ਦਿੰਦੀ ਹੈ, ਤੇ ਰਚਨਾ ਨੂੰ ਜ਼ਿਆਦਾ ਪ੍ਰਭਾਵਸ਼ਾਲੀ ਹੀ ਨਹੀਂ ਬਣਾਉਂਦੀ ਸਗੋਂ ਨਵੀਆਂ ਅਨੁਭਵ ਪ੍ਰਣਾਲੀਆਂ ਤੋਂ ਜਾਣੂ ਕਰਵਾਉਂਦੀ ਹੈ ਜਿਹੜੀਆਂ ਪੁਰਾਣੀਆਂ ਆਦਰਸ਼ਵਾਦੀ ਪ੍ਰਣਾਲੀਆਂ ਤੋਂ ਬਿਲਕੁਲ ਵੱਖਰੀਆਂ ਹਨ ਤੇ ਇਸ ਤਰ੍ਹਾਂ ਸਾਨੂੰ ਨਵੀਂ ਬਿੰਬਾਵਲੀ ਪ੍ਰਦਾਨ ਕਰਦੀਆਂ ਹਨ ਜਿਹੜੀ ਸ਼ਹਿਰੀ ਜੀਵਨ ਨਾਲ ਭਾਵੁਕ ਚੇਤਨਾ ਦੀ ਸਾਂਝ ਪੈਦਾ ਕਰਨ ਵਿਚ ਬੜੀ ਸਹਾਇਕ ਹੁੰਦੀ ਹੈ।"2

ਉਸਦੀ ਕਵਿਤਾ „ਅਭਿਮਨਊ ਦੀ ਤਲਾਸ਼ ਵਿਚ : ਲਘੂ ਮਾਨਵ' ਵਿਚ ਉਹ ਅਜੋਕੇ ਮਨੁੱਖ ਦੇ ਜੀਵਨ ਜਾਂ ਉਸ ਦਾ ਭਵਿੱਖ ਜੰਮਣ ਤੋਂ ਪਹਿਲਾਂ ਹੀ ਨਿਰਧਾਰਿਤ ਹੋ ਜਾਂਦਾ ਹੈ ਉਸ ਨੂੰ ਅਭਿਮਨਯੂ ਦੇ ਪ੍ਰਤੀਕ ਨਾਲ ਤੁਲਨਾਉਂਦਾ ਹੋਇਆ ਲਿਖਦਾ ਹੈ :

"ਅਜੇ ਜੰਮੇ ਨਹੀਂ ਸਾਂ,

ਜੂਨ ਤੋਂ ਪਹਿਲਾਂ-

ਮਾਂ ਬਾਪ ਦੇ ਸੁਫ਼ਨੇ ਨੇ,

ਸਾਡਾ ਰੂਪ ਘੜਿਆ ਸੀ।"3

ਇਸ ਤਰ੍ਹਾਂ ਕਵੀ ਇਤਿਹਾਸਿਕ ਤੇ ਮਿਥਿਹਾਸਿਕ ਪਾਤਰਾਂ ਰਾਹੀਂ ਆਧੁਨਿਕ ਮਨੁੱਖ ਦੀ ਸੰਵੇਦਨਾ ਨੂੰ

ਪ੍ਰਗਟਾਉਂਦਾ ਹੈ। ਇਸੇ ਤੋਂ ਸੰਬੰਧਿਤ ਹੋਰ ਮਿਸਾਲਾਂ ਇੰਜ ਹਨ :

– "ਪਤਨੀ ਨਾਲ,

ਇਕੋ ਮੰਜੇ 'ਤੇ ਸੁੱਤਿਆਂ,

ਇਕ ਵੱਖਰਾ ਜਹਾਨ ਬਣ ਜਾਂਦਾ ਹਾਂ!

ਘਟਾ ਟੋਪ ਆਕਾਸ਼ ਵਾਂਗ,

ਬਰਸ਼ ਪੈਂਦਾ ਹਾਂ ਆਪਣੇ ਆਪ 'ਤੇ, ਇੱਕੋ ਸਮੇਂ,

www.ignited.in

ਛੱਤਰੀ ਵਾਂਗ ਤਣ ਜਾਂਦਾ ਹਾਂ!!! ਭੂਤ-ਪੂਰਵ ਪ੍ਰੇਮਿਕਾਵਾਂ

ਦੀਆਂ ਯਾਦਾਂ ਦੇ ਚੱਕਰਵਯੂਹ ਵਿਚ ਘਿਰਿਆ, ਨਾ ਮੈਂ ਅਰਜਨ,

ਨਾ ਅਭਿਮੰਨਿਊ।"4

ਇਸ ਦੇ ਨਾਲ-ਨਾਲ ਉਹ ਪ੍ਰਕ੍ਰਿਤੀ ਵਿਚੋਂ ਕਈ ਵੀ ਪ੍ਰਤੀਕ ਲੈਂਦਾ ਹੈ ਜਿਵੇਂ - ਸੂਰਜ, ਨਦੀ, ਸਾਗਰ, ਪਹਾੜ, ਪੱਤਾ, ਹਵਾ, ਜੰਗਲ, ਰੁੱਖ, ਜਾਨਵਰ, ਅੰਬਰ ਅਤੇ ਤਾਰੇ ਆਦਿ। ਪ੍ਰਕ੍ਰਿਤੀ ਵਿਚਲੀ ਵਸਤਾਂ ਨੂੰ ਰਵੀ ਉਸ ਜੁਗਤ ਨਾਲ ਵਰਤਦਾ ਹੈ ਜਿਵੇਂ ਉਸ ਦੁਆਰਾ ਵਰਤਿਆ ਗਿਆ ਪ੍ਰਤੀਕ ਸ਼ਤ-ਪ੍ਰਤਿਸ਼ਤ ਦੂਸਰੀ ਵਸਤ ਜਿਸ ਲਈ ਪ੍ਰਤੀਕ ਵਰਤਿਆ ਹੈ, ਉਸ ਉੱਪਰ ਸਹੀ ਢੁੱਕਦਾ ਹੈ। ਇਸੇ ਧਾਰਨਾ ਅਧੀਨ ਸੂਰਜ ਅਤੇ ਪੱਤਾ ਉਸ ਦੀਆਂ ਬੇਸ਼ੁਮਾਰ ਕਵਿਤਾਵਾਂ 'ਚ ਪ੍ਰਤੀਕ ਵਜੋਂ ਵਰਤਿਆ ਗਿਆ ਹੈ। „ਪੱਤੇ' ਦੇ ਪ੍ਰਤੀਕ ਨੂੰ ਕਵੀ ਪਰਵਾਸੀਆਂ ਲਈ ਵਰਤਦਾ ਹੈ ਉਹ ਉਨ੍ਹਾਂ ਦੇ ਜੀਵਨ ਨੂੰ ਬਿਲਕੁਲ ਸਹੀ ਢੰਗ ਨਾਲ ਪੇਸ਼ ਕਰਨ 'ਚ ਕਾਮਯਾਬ ਹੁੰਦਾ ਹੈ। ਇਸੇ ਤਰ੍ਹਾਂ „ਸੂਰਜ' ਦਾ ਪ੍ਰਤੀਕ ਪਰਵਾਸੀ ਮਨੁੱਖ ਦੇ ਉਤਾਰ-ਚੜਾਵ ਦਾ ਪ੍ਰਤੀਕ ਹੈ ਕਿਤੇ ਬਚਪਨ

ਵਿਚਲੀ ਖੇਡ ਨਾਲ, ਕਿਤੇ ਮੁਹਬੱਤ ਨਾਲ ਅਤੇ ਕਿਤੇ ਨਿਘਾਰ ਤੇ ਉਸਾਰ ਨਾਲ ਸੰਬੰਧਿਤ ਕੀਤਾ ਹੈ। ਸੋ ਪ੍ਰਕ੍ਰਿਤੀ

'ਚੋਂ ਲਏ ਗਏ ਪ੍ਰਤੀਕਾਂ ਦੀਆਂ ਕੁਝ ਮਿਸਾਲਾਂ ਇੱਥੇ ਪੇਸ਼ ਹਨ :

ਪੱਤਾ (ਪਰਵਾਸੀ ਪੰਜਾਬੀਆਂ ਦਾ ਪ੍ਰਤੀਕ) :

"ਪੱਤਾ,

ਹਵਾ ਵਿਚ ਘੁੰਮਿਆ ਉੱਤਰ, ਦੱਖਣ ਵੱਲੋਂ ਪੂਰਬ, ਪੱਛਮ ਹੋ ਗਿਆ ਹਵਾ ਫੇਰ ਵੰਡੀ ਗਈ,

ਦੋ ਤੋਂ ਚਾਰ ਹੋ ਗਈ - ਜਿਵੇਂ ਵਗਦੇ ਦਰਿਆ ਨੂੰ, ਕਿਸੇ-

ਮਧਾਣੀ ਚੀਰਾ ਦੇ ਦਿੱਤਾ ਹੋਵੇ!"5

ਰੁੱਖ (ਪਰਵਾਸੀ ਪੰਜਾਬੀ ਦੇ ਦੁਖਾਂਤ ਦਾ ਪ੍ਰਤੀਕ) :

"ਭਰੇ ਹੋਏ ਦਿਲ ਨਾਲ

ਫੁੱਲੇ ਹੋਏ ਗੁਬਾਰੇ ਨਾਲ ਖੇਲਦਾ, ਖੇਲਦਾ, ਇਕ ਵਾਰੀ ਫੇਰ, ਉਹ

ਖਿਤਿਜ ਨੂੰ ਅੱਖਾਂ ਵਿਚ

ਪਕੜਦਾ, ਪਕੜਦਾ- ਫਟ ਗਿਆ ਹੈ!!! ਰੁੱਖ, ਆਪਣੇ ਲਈ

ਛਾਂ ਨਾ ਬਣ ਸਕਿਆ।"6

ਰਵਿੰਦਰ ਰਵੀ ਨੇ ਨਵੇਂ ਕਾਵਿ-ਰੂਪਾਂ ਨੂੰ ਆਪਣੇ ਕਾਵਿ ਸ਼ਾਸਤਰ ਦਾ ਅੰਗ ਬਣਾਇਆ ਹੈ। ਜਿਸ ਦਾ

ਪ੍ਰਮਾਣ ਗੱਧ ਕਵਿਤਾ ਜਾਂ ਵਾਰਤਕ ਕਵਿਤਾ ਹੈ। ਉਸ ਨੇ „ਇਹ ਯੁੱਧ ਜੰਗਲੀ ਹੈ', „ਅਸੀਂ ਮਨੁੱਖ ਹਾਂ',

„ਦੂਜਾ ਪੱਖ' ਆਦਿ ਕਵਿਤਾਵਾਂ ਲਿਖੀਆਂ ਹਨ। ਵਾਰਤਕ ਕਵਿਤਾ ਦਾ ਆਰੰਭ ਫ੍ਰਾਂਸ ਵਿਚ ਅਠਾਰਵੀਂ ਸਦੀ ਦੇ ਦੌਰਾਨ ਹੋਇਆ ਇਹ ਛੰਦਾ ਬੰਦੀ ਦੀ ਕਵਿਤਾ ਦੇ ਵਿਰੋਧ ਵਿਚ ਪੈਦਾ ਹੋਈ ਸੀ। ਇਸ ਕਾਵਿ ਰੂਪ ਦਾ ਮੋਢੀ ਬੌਡਲੇਅਰ (ਠ੍ਰਚਦਗਜ;;ਗਦ, 1972) ਨੂੰ ਮੰਨਿਆ ਜਾਂਦਾ ਹੈ। ਇਸ ਤੋਂ ਬਾਅਦ ਰਿੰਬੋਡ ਦੀ ਪੁਸਤਕ

„ਇਲਿਉਮੀਨੇਸਨ' ਜੋ 1957 'ਚ ਪ੍ਰਕਾਸ਼ਿਤ ਕੀਤੀ ਗਈ, ਨੇ ਵਾਰਤਕ ਕਵਿਤਾ ਨੂੰ ਪੱਕੇ ਪੈਰੀ ਕਰ ਦਿੱਤਾ।

ਅੰਗ੍ਰੇਜ਼ੀ ਭਾਸ਼ਾ ਵਿਚ ਐਡਗਰ ਐਲਨ ਪੋ, ਜੇਮਜ਼ ਜੁਆਇਸ, ਔਸਕਰ ਵਾਇਲਡ, ਐਮੀ ਲੋਵਲ, ਜੇਟਰੂਡ

ਸਟਾਇਨ ਅਤੇ ਟੀ.ਐਸ. ਐਲੀਅਟ ਨੇ ਵਾਰਤਕ ਕਵਿਤਾ ਲਿਖੀ। ਇਸ ਕਾਵਿ-ਰੂਪ ਦੇ ਪਛਾਣ-ਚਿੰਨ੍ਹਾਂ ਬਾਰੇ

ਅਸੀਂ ਗੁਰਮੇਲ ਸਿੱਧੂ ਦੇ ਇਹ ਕਥਨ ਇੱਥੇ ਪੇਸ਼ ਕਰ ਸਕਦੇ ਹਾਂ :

"ਵਾਰਤਕ ਕਵਿਤਾ ਵਿਚ ਛੰਦਬੱਧ ਕਵਿਤਾ ਵਾਲਾ ਸਮਕਾਲੀ ਤੁਕਾਂਤ ਨਹੀਂ ਹੁੰਦਾ ਅਤੇ ਨਾ ਹੀ

ਖੁੱਲ੍ਹੀ ਕਵਿਤਾ ਵਾਲੀ ਸਤਰ-ਵੰਡ ਅਤੇ ਸਤਰ-ਅੰਤ ਹੁੰਦੀ ਹੈ। ਵਾਰਤਕ ਕਵਿਤਾ, ਵਾਰਤਕ ਦਾ

ਸੰਗਠਤ ਰੂਪ ਹੈ ਜਿਸ ਵਿਚ ਕਵਿਤਾ ਵਾਲਾ ਤੋਲ ਪ੍ਰਬੰਧ, ਅਲੰਕਾਰ, (ਰੂਪਕ ਅਤੇ ਸ਼ਬਦ) ਸਿਮਲੀ, ਅੰਦਰੂਨੀ ਵਿਕੋਲਿਤਰਾ ਤੁਕਾਂਤ, ਸਮਧੁਨੀ ਸ੍ਵਰ, ਸਮਧੁਨੀ ਵਿਅੰਜਨ, ਬਿੰਬ ਵਿਧਾਨ ਅਤੇ ਭਾਵੁਕਤਾ ਆਦਿ ਗੁਣ ਵਿਦਮਾਨ ਹੁੰਦੇ ਹਨ। ਵਾਰਤਕ ਕਵਿਤਾ ਦੀਆਂ ਸਤਰਾਂ ਸਫ਼ੇ ਦੇ ਅੰਤ ਤੱਕ ਵੀ ਜਾ ਸਕਦੀਆਂ ਹਨ ਅਤੇ ਛੋਟੀਆਂ ਵੀ ਹੋ ਸਕਦੀਆਂ ਹਨ। ਪਰ ਸਤਰ ਵਿਚ ਭਾਵਨਾਵਾਂ ਦੀ ਡੂੰਘਾਈ ਅਤੇ ਸੰਗਠਨਤਾ ਦਾ ਹੋਣਾ ਜ਼ਰੂਰੀ ਹੈ। ਜਿਸ ਕਰਕੇ ਖੁੱਲ੍ਹੀ ਕਵਿਤਾ ਦੇ ਮੁਕਾਬਲੇ ਤੇ, ਵਿਸ਼ੇ ਨੂੰ ਰਤਾ ਹੋਰ ਟਟੋਲਣ ਦੀ ਗੁੰਜਾਇਸ਼ ਹੁੰਦੀ ਹੈ। ਇਸ ਪ੍ਰਕਾਰ ਨਾਲ ਖੁੱਲ੍ਹੀ

ਕਵਿਤਾ ਦਾ ਸਤਰ ਸੁਝਾਉ ਅਤੇ ਵਾਰਤਕ ਕਵਿਤਾ ਦੀ ਬਿਰਤਾਂਤਿਕ ਹੁੰਦੀ ਹੈ..... ਬਣਤਰ ਤੇ ਬੁਣਤ ਪੱਖੋਂ ਜਿੱਥੇ ਵਾਰਤਕ ਦੀਆਂ ਸਤਰਾਂ ਸਪਾਟ ਹੁੰਦੀਆਂ ਹਨ, ਉੱਥੇ ਵਾਰਤਕ ਕਵਿਤਾ ਦੀਆਂ ਸਤਰਾਂ ਇਕ ਦੂਜੇ ਵਿਚ ਬੁਣੀਆਂ ਹੋਈਆਂ ਹੁੰਦੀਆਂ ਹਨ ਅਰਥਾਤ ਇਹ ਆਪਣਾ ਰਾਬਤਾ ਅਗਲੀਆਂ ਅਤੇ ਪਿਛਲੀਆਂ ਸਤਰਾਂ ਨਾਲ ਕਾਇਮ ਰੱਖਦੀਆਂ ਹਨ। ਇਕੱਲੀ ਸਤਰ ਭਾਵ ਦੀ ਨਿਰੰਤਰਤਾ ਲਈ ਇਕ ਕੜੀ ਮਾਤਰ ਹੈ ਲੜੀ ਮਾਤਰ ਨਹੀਂ। ਇਹ ਕੜੀ ਅਗਲੀ ਪਿਛਲੀ ਸਤਰ ਵਿਚਕਾਰ ਵੀ ਹੋ ਸਕਦੀ ਹੈ ਅਤੇ ਪਹਿਲੀ-ਤੀਜੀ, ਦੂਜੀ-ਚੌਥੀ, ਚੌਥੀ-ਤੀਜੀ ਆਦਿ ਸਤਰਾਂ ਵਿਚਕਾਰ ਵੀ ਹੋ ਸਕਦੀ ਹੈ।"7

ਇਸ ਤਰ੍ਹਾਂ ਵਾਰਤਕ ਕਵਿਤਾ ਦੇ ਕਲਾਤਮਕ ਪੱਖ ਤੋਂ ਜਾਣੂ ਹੋਣ ਤੋਂ ਬਾਅਦ ਹੁਣ ਅਸੀਂ ਰਵਿੰਦਰ ਰਵੀ ਦੀ ਵਾਰਤਕ ਕਵਿਤਾ ਦੀ ਮਿਸਾਲ ਇੱਥੇ ਪ੍ਰਸਤੁਤ ਕਰਾਂਗੇ :

- "ਮਨੁੱਖ ਵਾਦਾਂ ਵਿਚ ਵੰਡੇ ਗਏ ਹਨ, ਦੇਸ਼ ਧਿਰਾਂ ਵਿਚ। ਇਕ ਤਣਾਅ ਹੈ,

ਚੁਫ਼ੇਰੇ ਵਾਤਾਵਰਨ ਵਿਚ। ਕੋਈ ਜਵਾਲਾਮੁਖੀ ਫੁੱਟ ਪੈਂਦਾ ਹੈ। ਜ਼ਲਜ਼ਲਾ ਆਉਂਦਾ ਹੈ। ਲਾਵਾ ਬਰਸਦਾ ਹੈ ਤੇ ਇਸ ਦੀ ਲਪੇਟ ਵਿਚ ਆਏ ਮਨੁੱਖ, ਕਦੇ ਈਰਾਨ, ਕਦੇ ਪੋਲੈਂਡ, ਕਦੇ ਅਫ਼ਗਾਨਿਸਤਾਨ, ਤਿੱਬਤ, ਚੀਨ, ਹਿੰਦੋਸਤਾਨ ਬਣ ਜਾਂਦੇ ਹਨ।"8

ਰਵਿੰਦਰ ਰਵੀ ਆਪਣੀਆਂ ਕਵਿਤਾਵਾਂ 'ਚ ਕਈ ਥਾਵਾਂ 'ਤੇ „ਰਹਾਓ' ਸ਼ਬਦ ਦੀ ਵਰਤੋਂ ਕਰਦਾ ਹੈ।

„ਰਹਾਓ' ਦੀ ਵਰਤੋਂ ਗੁਰਬਾਣੀ 'ਚ ਕੀਤੀ ਗਈ ਹੈ ਇਸ ਤੋਂ ਭਾਵ ਠਹਿਰਨ/ਮੁੜ ਵਿਚਾਰਨ ਜਾਂ ਕਿਸੇ ਗੱਲ ਦੀ ਗਹਿਰਾਈ ਤੱਕ ਪਹੁੰਚਣ ਤੋਂ ਹੈ। „ਰਹਾਓ' ਅਸਲ 'ਚ ਠਹਿਰਾਓ ਹੈ, ਜਿਸ ਰਾਹੀਂ ਅਸੀਂ ਜਿਹੜੀ ਗੱਲ ਕਹਿੰਦੇ ਹਾਂ ਉਸਦੀ ਗਹਿਰਾਈ/ਮਜ਼ਬੂਤੀ/ਪਕਿਆਈ ਤੱਕ ਪਹੁੰਚ ਕਰਨ ਲਈ „ਰਹਾਓ' ਦੀ ਵਰਤੋਂ, ਗੁਰੂ ਸਾਹਿਬਾਨ ਨੇ ਕੀਤੀ। ਪਰ ਇੱਥੇ ਰਵੀ ਦੀ ਅਜਿਹੀ ਵਰਤੋਂ ਕਰਨਾ ਗੁਰਬਾਣੀ ਵਾਲੇ „ਰਹਾਓ' ਵੱਲ ਸੰਕੇਤ ਤਾਂ ਕਰਦਾ ਹੈ ਪਰ

ਇੱਥੇ ਉਸ ਦੇ ਅਰਥ ਪਹਿਲਾਂ ਨਾਲੋਂ ਕੁੱਝ ਅੱਡਰੇ ਹਨ। ਉੱਥੇ ਇਕੋ ਹੀ ਅਰਥ ਦੀ ਗਹਿਰਾਈ ਤੱਕ ਪਹੁੰਚ ਕੀਤੀ ਜਾਂਦੀ ਹੈ ਜਦੋਂ ਕਿ ਇੱਥੇ ਇਸ ਦਾ ਭਾਵ ਮੁੜ-ਮੁੜ ਕੇ ਉਸ ਸ਼ਬਦ ਨੂੰ ਵਾਚਣਾ ਹੈ ਤਾਂ

www.ignited.in

ਜੋ ਉਸ ਦੀਆਂ ਅਨੇਕ ਪਰਤਾਂ ਉਘਾੜ ਸਕਣ। ਕਈ ਥਾਂ 'ਤੇ ਕਵੀ ਗੁਰਬਾਣੀ ਵਿਚਲੇ ਸ਼ਬਦਾਂ ਦੀ ਵਰਤੋਂ ਵੀ ਕਰਦਾ ਹੈ, ਜਿਵੇਂ - ਆਦਿ-ਕਾਲੀ, ਜੁਗਾਦਿ-ਕਾਲੀ, ਵਿਸਮਾਦ-ਕਾਲੀ, ਰਹਾਓ, ਰੋਗ, ਦਾਰੂ, ਕੂੜ, ਸ਼ਬਦੀ ਗੰਢ ਪੈਣਾ ਆਦਿ।

ਇਹ ਲਫਜ਼ ਰਚਨਾ ਵਿਚ ਇਕੋ ਸਮੇਂ ਪਰੰਪਰਾ ਅਤੇ ਸਮਕਾਲੀ ਯਥਾਰਥ ਨਾਲ ਸੰਵਾਦ ਰਚਾਉਂਦੇ ਹਨ ਮਿਸਾਲ

ਵਜੋਂ :

- "ਆਦਿ ਸ਼ਬਦ! ਜੁਗਾਦਿ ਸ਼ਬਦ! ਵਾਦ ਸ਼ਬਦ! ਵਿਵਾਦ ਸ਼ਬਦ!

ਸਵਾਲ ਵੀ, ਜਵਾਬ ਸ਼ਬਦ!

॥ਰਹਾਓ॥"9

- "ਆਦਿ ਕਾਲੀ ਜ਼ਿੰਦਗੀ ਜੁਗਾਦਿ ਕਾਲੀ ਜ਼ਿੰਦਗੀ ਵਿਸਮਾਦ ਕਾਲੀ ਜ਼ਿੰਦਗੀ, ਜੇਸ ਦੇ ਸ਼ੀਸ਼ੇ 'ਚ ਉੱਤਰੇ, ਪਿੰਡ, ਬ੍ਰਹਮੰਡ-

ਇਕ ਪੱਤਾ ਝੜ ਗਿਆ, ਤਾਂ ਕੀ ਹੋਇਆ?

ਬੀਜ ਵਿੱਚੋਂ ਬੀਜ ਫੁੱਟੇ, ਰੁੱਖ ਅੰਦਰ, ਰੁੱਖ ਤੁਰਦਾ ਪੱਤਿਆਂ ਦਾ ਸਿਲਸਿਲਾ!"

॥ਰਹਾਓ॥"10

ਰਵਿੰਦਰ ਰਵੀ ਦੀਆਂ „ਆਪਣੇ ਖ਼ਿਲਾਫ਼' ਵਿਚਲੀਆਂ ਕਵਿਤਾਵਾਂ ਦੇ ਕਲਾਤਮਕ ਪੱਖ 'ਤੇ ਰੌਸ਼ਨੀ ਪਾਉਂਦਾ ਹੋਇਆ ਅਜਾਇਬ ਕਮਲ ਲਿਖਦਾ ਹੈ- "ਉਸ ਦੀਆਂ ਇਨ੍ਹਾਂ ਕਵਿਤਾਵਾਂ ਦਾ ਵੱਖਰਾ ਸਟਾਈਲ, ਵੱਖਰਾ ਰੂਪਾਕਾਰ ਵੱਖਰੀ ਕਿਸਮ ਦਾ ਹੈ। ਇਨ੍ਹਾਂ ਕਵਿਤਾਵਾਂ 'ਚ ਬਿੰਬਵਾਦੀ/ਪ੍ਰਤੀਕਵਾਦੀ ਵਿਧਾਨ ਦੀ ਪ੍ਰਮੁੱਖਤਾ ਹੈ। ਇਨ੍ਹਾਂ ਅਨੁਭਵੀ ਕਵਿਤਾਵਾਂ ਦੀ ਤੋਰ, ਸੁਰ ਤੇ ਬੋਲ ਪਹਾੜੀ ਨਦੀ ਵਰਗੇ ਹਨ। ਇਨ੍ਹਾਂ ਉਹਲੇ ਇਕ ਆਂਤ੍ਰਕ

ਸੰਗੀਤ ਤੇ ਧੁਨੀ ਵਿਦਮਾਨ ਹੈ ਜੋ ਪਾਠ ਵੇਲੇ ਪਾਠਕ ਨੂੰ ਸੁਖਾਵਾਂ ਪ੍ਰਤੀਤ ਹੁੰਦਾ ਹੈ। ਮੂਡ ਸੰਜੀਦਾ, ਟੋਨ ਫਿਲਾਸਫ਼ਕ ਹੈ। ਇਨ੍ਹਾਂ ਕਵਿਤਾਵਾਂ ਦਾ ਰਿਟਨ ਪੈਟਰਨ ਨਿਵੇਕਲੀ ਕਿਸਮ ਦਾ ਹੈ। ਇਨ੍ਹਾਂ ਵਿਚ ਮਾਨਸਿਕ-ਰੌਂ, ਬੌਧਿਕ-ਚਪਲਤਾ, ਭਾਵੁਕ-ਤਰਲਤਾ ਸਭ ਓਤ ਪੋਤ ਹਨ। ਇਨ੍ਹਾਂ ਕਵਿਤਾਵਾਂ ਵਿਚਲਾ ਜਾਗੋ-ਮੀਟੀ ਦੇ ਦੋ ਸਿਰੀਆਂ ਵਿਚਾਲੇ ਫੈਲਿਆ ਬਿਆਨ ਇਨ੍ਹਾਂ ਵਿਚਲੇ ਆਂਤ੍ਰਕ ਰਿਦਮ ਪੈਟਰਨ ਦੀ ਚਮਤਕਾਰੀ ਦੇਣ ਹੈ।"169

ਉਪਰੋਕਤ ਕਥਨਾਂ ਨੂੰ ਧਿਆਨ 'ਚ ਰੱਖ ਕੇ ਅਸੀਂ ਉਸਦੀ ਕਵਿਤਾ ਦਾ „ਆਪਣੇ ਖਿਲਾਫ਼'- ਜ਼,ਜ਼ਜ਼,ਜ਼ਜ਼ਜ਼ ਵਿਚਲੀਆਂ

ਇਹ ਸਤਰਾਂ ਪੇਸ਼ ਕਰ ਰਹੇ ਹਾਂ ਜਿਸ ਵਿਚ ਬਿੰਬ ਅਤੇ ਪ੍ਰਤੀਕ ਦੋਵੇਂ ਰਲਗਡ ਹੋ ਕੇ ਆਪਣਾ ਕਾਵਿਕ ਕਮਾਲ ਵਿਖਾ ਰਹੇ ਹਨ :

"ਬੁੱਧੀ ਸਾਡੀ ਕਲ-ਪੁਰਜ਼ਿਆਂ ਵਿਚ ਢਲੀ।

ਇਕ ਮਸ਼ੀਨ ਦੀ, ਦੂਜੇ ਦੇ ਸੰਗ, ਕਿਵੇਂ ਠਣੀ!

- - - - - - - - - - - - - - - - ਬਾਰੂਦ ਦੀ ਭੱਠ 'ਤੇ ਭਵਿੱਖ ਉਸਾਰ ਰਿਹਾ। ਕੈਸਾ ਇਹ ਵਿਗਿਆਨ, ਸਭ ਨੂੰ ਮਾਰ ਰਿਹਾ!!!

- - - - - - - - - - - - - - - - - ਛਾਂ ਦੀ, ਛਾਂ ਦੇ ਨਾਲ, ਦੌੜ ਪਰ ਜਾਰੀ ਹੈ, ਕਾਇਆ ਭਰਮਾਂ-ਮਾਰੀ, ਬੁੱਧ ਖ਼ੁਆਰੀ ਹੈ।"11

ਰਵਿੰਦਰ ਰਵੀ ਦੀਆਂ ਬਹੁਤੀਆਂ ਕਵਿਤਾਵਾਂ ਪ੍ਰਗੀਤ ਕਾਵਿ ਨਾਲ ਜੁੜੀਆਂ ਹੋਈਆਂ ਹਨ। ਪ੍ਰੋ. ਬ੍ਰਹਮਜਗਦੀਸ਼ ਸਿੰਘ ਅਨੁਸਾਰ, "ਉਸਦੀ ਕਵਿਤਾ ਜੋ ਇਕ ਵਿਦਰੋਹੀ ਚਿੰਘਾੜ ਤੋਂ ਸ਼ੁਰੂ ਹੋਈ ਸੀ, ਹੁਣ ਇਕ ਪ੍ਰਗੀਤਕ ਨਾਦ ਵਿਚ ਵਟਦੀ ਜਾ ਰਹੀ ਹੈ।"112 ਇਸੇ ਸੰਦਰਭ 'ਚ ਅਸੀਂ „ਪਰਿਸਥਿਤੀਆਂ' ਕਵਿਤਾ ਨੂੰ ਇੱਥੇ ਵਾਚ ਸਕਦੇ ਹਾਂ। ਇਸ ਕਵਿਤਾ ਵਿਚ ਜੋ ਪ੍ਰਗੀਤ ਕਾਵਿ ਰੂਪ ਦਾ ਮੁੱਖ ਲੱਛਣ ਹੈ ਉਹ ਉਜਾਗਰ ਹੋ ਰਿਹਾ ਹੈ ਭਾਵ ਕਵੀ ਕਵਿਤਾ 'ਚ ਆਪਣੇ ਆਪ ਨਾਲ ਅਤੇ ਦੂਜੀ ਧਿਰ „ਤੂੰ' ਨਾਲ ਵਾਰਤਾਲਾਪ ਕਰ ਰਿਹਾ ਹੈ ਅਤੇ ਪਾਠਕ ਪਰ੍ਹੇ ਹੋ ਕੇ ਇਨ੍ਹਾਂ ਤੋਂ ਓਹਲੇ ਜਾਂ ਅਲੋਪ ਹੋ ਗਿਆ ਹੈ ਭਾਵ ਉਸ ਨਾਲ ਕਵੀ ਸੰਬੋਧਨ ਨਹੀਂ ਰਚਾ ਰਿਹਾ। ਇਸ ਕਵਿਤਾ ਵਿਚਲਾ ਵਾਕਾਤਮਕ ਵਿਉਂਤ ਵਾਕੰਸ਼ ਤੇ ਧੁਨੀ-ਉਚਾਰ ਸਾਰਾ ਭਾਸ਼ਿਕ ਪ੍ਰਪੰਚ ਇਸ ਪ੍ਰਗੀਤ ਵਿਚਲੇ ਭਾਵ- ਪ੍ਰਬੰਧ ਤੇ ਰੂਪ-ਸੰਰਚਨਾ ਨੂੰ ਸੁਗਠਿਤ ਕਰਦਾ ਹੈ। ਇਸ ਪ੍ਰਗੀਤ ਦਾ ਭਾਸ਼ਿਕ ਸੰਗਠਨ ਸੱਚਮੁਚ ਹੀ

ਲਾਜਵਾਬ ਹੈ। ਸੋ ਇਸ ਪ੍ਰਗੀਤ ਦਾ ਵਿਲੱਖਣ ਸੁਭਾਉ ਇਸ ਦੇ ਵਿਲਖੱਣ ਭਾਸ਼ਿਕ ਵਰਤਾਰੇ ਤੇ ਉਸਰਦਾ ਹੈ। ਕਾਵਿ ਭਾਸ਼ਾ ਦੀਆਂ ਅਸਲੋਂ ਸੱਜਰੀਆਂ ਜੁਗਤਾਂ ਇਸ ਪ੍ਰਗੀਤ ਵਿਚ ਥਾਂ-ਥਾਂ ਉਭਰਦੀਆਂ ਹਨ। ਦਰਦ ਨੂੰ ਉੱਚਾ

ਸੀਖਣਾ, ਬੱਦਲੀ ਨੂੰ ਬਾਲਣੀ, ਆਕਾਸ਼ਾਂ ਦੇ ਆਲ੍ਹਣੇ ਵਿਚ ਬੋਟ ਦਾ ਸੁਪਨੇ ਲੈਣਾ ਅਤੇ ਹਰਿਆਲੀ ਵਿਚ ਅੱਗ, ਬਿਜਲੀ, ਦਾਵਾਨਲ ਦਾ ਬਲਣਾ ਆਦਿ ਅਜਿਹੀਆਂ ਸਟੇਟਮੈਂਟਾਂ ਹਨ ਜੋ ਮਿੱਥਕ ਵਾਤਾਵਰਨ ਸਿਰਜਦੀਆਂ ਜਾਪਦੀਆਂ ਹਨ। ਮਿਸਾਲ ਵਜੋਂ ਇਸ ਖ਼ੂਬਸੂਰਤ ਪ੍ਰਗੀਤ ਦੀ ਉਦਾਹਰਨ ਨੂੰ ਇੱਥੇ ਪੇਸ਼ ਕਰ ਰਹੇ ਹਾਂ :

"ਠੁਰ ਠੁਰ ਕਰਦੇ ਅੰਗ

ਸੂਰਜ ਉੱਚਾ ਸੀਖ, ਬੱਦਲੀ ਬਾਲ ਧਰੇ। ਏਧਰ ਬੈਠੀ ਜਿੰਦ, ਵਿਚ ਵਗੇ ਦਰਿਆ, ਕੀਕੂੰ ਨਿੱਘ ਚੜ੍ਹੇ। ਟੀਸੀ ਉੱਪਰ ਤੂੰ,

ਪੈਰਾਂ ਹੇਠਾਂ ਮੈਂ

ਕੀਕਣ ਮੇਲ ਹੋਵੇ।

ਤੇਰਾ ਜੰਮਣਾ : ਕੱਜਣ, ਮੇਰਾ ਖੁਰਨਾ : ਨੰਗ - ਹੋਏ ਅਰਥ ਜੁਦੇ। ਬਿੰਦੀ ਬਿੰਦੀ ਲੀਕ, ਟੁੱਟੂੰ ਟੁੱਟੂੰ ਉਮਰ,

ਨਿਰੰਤਰ ਸਮਾਂ ਤੁਰੇ।"13

ਰਵਿੰਦਰ ਰਵੀ ਆਪਣੀ ਕਵਿਤਾ ਵਿਚ ਵਿਰੋਧ ਦੀ ਜੁਗਤ ਵੀ ਵਰਤਦਾ ਹੈ। ਇਸ ਜੁਗਤ ਨੂੰ ਵਿਰੋਧ

ਅਲੰਕਾਰ ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਇਸ ਜੁਗਤ ਰਾਹੀਂ ਉਹ ਕਦੇ ਸੁੱਤੇ-ਸੁੱਤੇ ਚਲ ਪੈਂਦਾ ਹੈ ਅਤੇ ਨੀਂਦ

'ਚ ਕਦੇ ਜਾਗਦਾ ਹੈ। ਇਸੇ ਸੰਦਰਭ ਵਿਚ ਡਾ. ਦਵਿੰਦਰ ਕੌਰ ਦੇ ਇਹ ਵਿਚਾਰ ਤਰਕ-ਸੰਗਤ ਜਾਪਦੇ ਹਨ "ਕਵੀ ਨੇ ਵਿਰੋਧ ਦੀ ਜੁਗਤ ਦੀ ਬੜੀ ਸਫ਼ਲ ਵਰਤੋਂ ਕੀਤੀ ਹੈ। ਵਿਰੋਧ ਕਾਰਨ ਹੀ ਚੁੱਪ ਬੁੜਬੁੜਾਉਂਦੀ ਹੈ, ਅੱਥਰੂ ਮੁਸਕਰਾਉਂਦੇ ਹਨ, ਰੋਣ-ਹਾਕੀ ਹੂਕ ਗੁਣਗੁਣਾਉਂਦੀ ਹੈ। ਵਿਰੋਧ ਦੀ ਜੁਗਤ ਰਾਹੀਂ ਕਵਿਤਾ 'ਚ ਕਈ ਖਾਮੋਸ਼ੀਆਂ ਸਿਰਜੀਆਂ ਗਈਆਂ ਹਨ, ਜੋ ਕਵਿਤਾ ਵਿਚਲੇ ਅਰਥਾਂ ਦੀਆਂ ਤੈਹਾਂ ਬਣਾਉਂਦੀਆਂ ਚਲੀਆਂ

ਜਾਂਦੀਆਂ ਹਨ।"176 ਮਿਸਾਲ ਦੇ ਤੌਰ ਤੇ ਉਸ ਦੇ ਕਾਵਿ ਦੀਆਂ ਇਹ ਤੁਕਾਂ ਪ੍ਰਸਤੁਤ ਹਨ :

- "ਹਰ ਸੇਵਰ ਉੱਠਦਾ ਹਾਂ!

ਸੂਰਜ ਜਿਉਂਦਾ,

ਬਰਫ਼-ਬਾਰੀ ਬਣਦਾ।"177

www.ignited.in

– "ਊਂਘ ਦੇ ਵਿਚ ਤੁਰ ਰਹੇ

ਤੇ ਨੀਂਦ ਦੇ ਵਿਚ ਜਾਗਦੇ।"14

ਰਵਿੰਦਰ ਰਵੀ ਕੋਲ ਕਵਿਤਾ ਵਿਚ ਪੇਸ਼ ਕਰਨ ਲਈ ਨਵੇਂ ਅਹਿਸਾਸ ਹਨ, ਨਵੇਂ ਅਨੁਭਵ ਹਨ ਅਤੇ ਉਨ੍ਹਾਂ ਨੂੰ ਪੇਸ਼ ਕਰਨ ਲਈ ਉਸ ਕੋਲ ਅਲੰਕਾਰਿਕ ਭਾਸ਼ਾ ਵੀ ਹੈ ਜੋ ਸੋਨੇ ਤੇ ਸੁਹਾਗੇ ਦਾ ਕੰਮ ਕਰਦੀ ਹੈ। ਮਿਸਾਲ ਵਜੋਂ ਉਸ ਵੱਲੋਂ ਵਰਤੇ ਗਏ ਕੁਝ ਅਲੰਕਾਰਾਂ ਦੀਆਂ ਮਿਸਾਲਾਂ ਇੱਥੇ ਪੇਸ਼ ਕਰ ਰਹੇ ਹਾਂ :

ਰੂਪਕ ਅਲੰਕਾਰ :

"ਧਰਤੀ ਉੱਤੇ ਅਜੇ ਵੀ ਮਾਂ ਖ਼ਿਆਲਾਂ ਹੀ ਖ਼ਿਆਲਾਂ ਵਿਚ ਜਦੋਂ ਚਰਖਾ ਛੂੰਹਦੀ ਹੈ, ਤਾਂ

ਤੇਰੀ ਹੀ ਤੰਦ ਨਿਕਲਦੀ ਹੈ।"15

ਉਪਮਾ ਅਲੰਕਾਰ :

"ਉਹ ਗਧੇ ਵਾਂਗ ਹੀਂਗਦਾ ਹੋਇਆ,

ਮੇਰੇ ਕੋਲ ਆਇਆ,

ਤੇ ਆਪਣੀ ਨਜ਼ਰ 'ਚ

ਅਸਮਾਨ ਚੜ੍ਹ ਗਿਆ!"16

ਅਨੁਪ੍ਰਾਸ ਅਲੰਕਾਰ :

"ਆਪਣੇ ਅੰਦਰ ਆਪ ਖੁਦੀਂਦੇ

ਭਰ ਭਰ ਉਛਲਣ ਖੂਹ।"17

ਅਤਿਕਥਨੀ ਅਲੰਕਾਰ :

"ਤੂੰ ਤਾਰਾ ਤਾਰਾ ਉੱਡ

ਜਾਂ ਰੁੱਖ, ਰੁੱਖ ਪੁੱਗ

ਤੇਰੀ ਉਡਾਣ ਦੀ ਕੋਈ ਸੀਮਾਂ ਨਹੀਂ।"18

ਮਾਨਵੀਕਰਨ ਅਲੰਕਾਰ :

"ਹੁਣੇ, ਹੁਣੇ ਜੁ ਪੱਤਾ,

ਹਵਾ 'ਚ ਅਟਕਿਆ ਸੀ,

ਉਹ „ਮੈਂ" ਤੇ „ਅਮੈਂ" ਦੇ ਵਿਚਕਾਰ "ਮੈਂ" ਸਾਂ।"19

ਉਪਰੋਕਤ ਸਮੁੱਚੀ ਵਿਚਾਰ ਚਰਚਾ ਉਪਰੰਤ ਅਸੀਂ ਕਹਿ ਸਕਦੇ ਹਾਂ ਕਿ ਰਵਿੰਦਰ ਰਵੀ ਦਾ ਕਾਵਿ ਸ਼ਾਸਤਰ ਪ੍ਰਯੋਗਵਾਦੀ ਕਾਵਿ ਸ਼ਾਸਤਰ ਹੈ। ਇਸੇ ਕਾਰਨ ਹੀ ਉਸਦੀ ਕਵਿਤਾ ਕਿਸੇ ਵਾਦ-ਵਿਵਾਦ ਨਾਲ ਨਹੀਂ ਬੱਝਦੀ ਅਤੇ ਉਹ ਅਜੋਕੇ ਮਨੁੱਖ ਜਾਂ ਪਰਵਾਸੀ ਭਾਰਤੀ ਪੰਜਾਬੀ ਦੀ ਛੋਟੀ-ਛੋਟੀ ਕਿਰਿਆ ਦੀ ਅਭਿਵਿਅਕਤੀ ਕਰਦੀ ਹੈ। ਉਸਦੀ ਕਵਿਤਾ ਸਮਸਤ ਅਨਿਆਏ ਦਾ ਵਿਰੋਧ ਕਰਦੀ ਹੈ ਭਾਵੇਂ ਉਹ ਪੰਜਾਬ ਦੀ ਧਰਤ ਉੱਪਰ ਹੋ ਰਿਹਾ ਹੋਵੇ ਜਾਂ ਵਿਸ਼ਵ ਦੇ ਕਿਸੇ ਵੀ ਕੌਣੇ ਵਿਚ, ਉਸਦੀ ਕਵਿਤਾ ਇਸ ਦੀ ਪੇਸ਼ਕਾਰੀ ਕਰਦੀ ਹੈ। ਉਸਦੀ ਕਵਿਤਾ ਅਜੋਕੀ ਆਤਮਹੀਣ ਕਰਨ ਵਾਲੀਆਂ ਪਰਿਸਥਿਤੀਆਂ ਦਾ ਵੀ ਬੇਬਾਕ ਤੇ ਯਥਾਰਥਕ ਚਿੱਤ੍ਰਣ ਕਰਦੀ ਹੈ ਅਤੇ ਅਜੋਕੇ ਮਾਹੌਲ ਵਿਚ ਮਾਨਵੀ ਰਿਸ਼ਤਿਆਂ ਵਿਚਲੀ ਗਿਰਾਵਟ ਅਤੇ ਉਨ੍ਹਾਂ ਵਿਚਲੀਆਂ ਸੰਵੇਦਨਾਵਾਂ ਦਾ ਪ੍ਰਗਟਾਵਾਂ ਵੀ ਬਾਖ਼ੂਬੀ ਕਰਦੀ ਹੈ। ਉਸਦੇ ਕਾਵਿ ਸ਼ਾਸਤਰ ਵਿਚਲੀ ਸਭ ਤੋਂ ਵਿਸ਼ੇਸ਼ ਖ਼ੂਬੀ ਇਹ ਹੈ ਕਿ ਉਹ ਨਿੱਜ ਤੋਂ ਆਰੰਭ ਹੋ ਕੇ „ਪਰ" ਤੱਕ ਦੀ ਯਾਤਰਾ ਕਰਦੀ ਹੈ ਭਾਵ ਉਸਦੀ ਕਵਿਤਾ ਸਮਾਜਵਾਦੀ ਕਵਿਤਾ ਦਾ ਰੂਪ ਧਾਰਨ ਕਰਦੀ ਹੈ।

**ਹਵਾਲੇ ਅਤੇ ਟਿੱਪਣੀਆਂ**


1. ਰਵਿੰਦਰ ਰਵੀ, ਪਿਆਸਾ ਬੱਦਲ, ਪੰਨਾ 344.
2. ਪ੍ਰਯੋਗਸ਼ੀਲ ਲਹਿਰ-ਨਵੀਂ ਕਵਿਤਾ ਦੇ ਅਰਥ ਸੰਚਾਰ ਦੀ ਸਮੱਸਿਆ, ਸੰਪਾ. ਜਸਬੀਰ ਸਿੰਘ ਆਹਲੂਵਾਲੀਆ – ਪ੍ਰਯੋਗਸ਼ੀਲ ਲਹਿਰ ਦਾ ਸਿਧਾਂਤਕ ਪਿਛੋਕੜ, ਪੰਨਾ 132.
3. ਰਵਿੰਦਰ ਰਵੀ, ਪਿਆਸਾ ਬੱਦਲ, ਪੰਨਾ 252.
4. ਉਹੀ, ਸ਼ਬਦ ਸਾਗਰ, ਪੰਨਾ 50.
5. ਉਹੀ, ਪੰਨਾ 141.
6. ਉਹੀ, ਪੰਨਾ 190.
7. ਗੁਰਮੇਲ ਸਿੱਧੂ, ਖੁੱਲ੍ਹੀ ਕਵਿਤਾ ਦੇ ਮਾਪ ਦੰਡ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਾਵਨ, ਲੁਧਿਆਣਾ, 2008, ਪੰਨਾ 184.
8. ਰਵਿੰਦਰ ਰਵੀ, ਪਿਆਸਾ ਬੱਦਲ, ਪੰਨਾ 241.
9. ਉਹੀ, ਪੰਨਾ 130.
10. ਉਹੀ, ਪੰਨਾ-137.
11. ਉਹੀ, ਪਿਆਸਾ ਬੱਦਲ, ਪੰਨਾ 46.
12. ਉਹੀ, ਪੰਨਾ 475.
13. ਉਹੀ, ਪੰਨਾ 217-218.
14. ਉਹੀ, ਪਿਆਸਾ ਬੱਦਲ, ਪੰਨਾ 298.
15. ਰਵਿੰਦਰ ਰਵੀ, ਸ਼ਬਦ ਸਾਗਰ, ਪੰਨਾ 355.
16. ਉਹੀ, ਪੰਨਾ 186.
17. ਉਹੀ, ਪੰਨਾ 167.
18. ਉਹੀ, ਪਿਆਸਾ ਬੱਦਲ, ਪੰਨਾ 99.
19. ਉਹੀ, ਸ਼ਬਦ ਸਾਗਰ, ਪੰਨਾ 429.
20. ਉਹੀ, ਪੰਨਾ 143.



**Corresponding Author**

**Jagjeet Kaur***

Research Scholar, OPJS University, Churu, Rajasthan, India


www.ignited.in